# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ ,ਪੰਜਾਬ,ਚੰਡੀਗੜ੍ਹ।

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106

ਫੈਕਸ:0172-2624687 ਈ-ਮੇਲ: ssapunjab123@gmail.com

ਵੱਲ:

ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ,

ਪੰਜਾਬ।

ਮੀਮੋ ਨੰ:9/5-2010/ਸਸਅ/ਟੀਬੀ/ਰੈਸ਼/74523

ਮਿਤੀ, ਚੰਡੀਗੜ੍ਹ : 07 ਦਸੰਬਰ, 2010

**ਵਿਸ਼ਾ: ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਦੌਰਾਨ ਹੋਈਆਂ ਗ਼ਲਤੀਆਂ / ਊਣਤਾਈਆਂ ਬਾਰੇ ਸੂਚਨਾ ਭੇਜਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰੋ ਜੀ।

2.0 ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਅਕਤੂਬਰ ਮਹੀਨੇ ਦੀ ਮੀਟਿੰਗ ਦੌਰਾਨ ਸਕੂਲਾਂ ਵਿੱਚ ਕੀਤੀ ਗਈ ਰੈਸ਼ਨੇਲਾਈਜ਼ੇਸ਼ਨ ਦੌਰਾਨ ਹੋਈਆਂ ਗ਼ਲਤੀਆਂ ਜਾਂ ਊਣਤਾਈਆਂ ਬਾਰੇ ਮੁੱਖ ਦਫ਼ਤਰ ਨੂੰ ਹਰ ਹਫ਼ਤੇ ਸ਼ੁਕਰਵਾਰ ਵਾਲੇ ਦਿਨ ਫ਼ੈਕਸ ਨੰ:0172-2624687 ਜਾਂ ਈ-ਮੇਲ (ssapunjab123@gmail.com) 'ਤੇ ਰਿਪੋਰਟ ਕਰਨ ਲਈ ਕਿਹਾ ਗਿਆ ਸੀ।ਇਸੇ ਲੜੀ ਤਹਿਤ ਮਿਤੀ 28-10-2010 ਨੂੰ ਆਪ ਜੀ ਨਾਲ ਇਸ ਮਕਸਦ ਸਬੰਧੀ ਮੀਟਿੰਗ ਕਰਕੇ ਰਿਪੋਰਟ ਲਈ ਗਈ ਸੀ ਅਤੇ ਕਈ ਜ਼ਿਲ੍ਹਿਆਂ ਵਿੱਚ ਊਣਤਾਈਆਂ ਪਾਈਆਂ ਗਈਆਂ ਸਨ, ਜਿਸ ਬਾਰੇ ਸਬੰਧਤ ਜ਼ਿਲ੍ਹਿਆਂ ਨੂੰ ਪੱਤਰ ਲਿਖ ਕੇ ਟਿੱਪਣੀ ਮੰਗੀ ਗਈ ਸੀ ਅਤੇ ਇਸ ਦਾ ਜੁਆਬ ਆਉਣਾ ਹਾਲੇ ਬਾਕੀ ਹੈ।

3.0 ਉਕਤ ਮਸਲੇ ਵੱਲ ਧਿਆਨ ਦਿੰਦੇ ਹੋਏ ਆਪਣੇ-2 ਜ਼ਿਲ੍ਹੇ ਦੇ ਸਕੂਲਾਂ ਦੀ ਵਿਜ਼ਿਟ ਕਰਕੇ ਹਫ਼ਤਾਵਾਰੀ ਰਿਪੋਰਟ ਭੇਜਣੀ ਯਕੀਨੀ ਬਣਾਈ ਜਾਵੇ।ਇਸ ਮਾਮਲੇ ਨੂੰ ਮਹੀਨਾ ਵਾਰ ਮੀਟਿੰਗ ਦੌਰਾਨ ਵੀ ਏਜੰਡੇ ਦੇ ਤੌਰ 'ਤੇ ਵਿਚਾਰਿਆ ਜਾਵੇਗਾ ਜੀ।

**ਡਾਇਰੈਕਟਰ ਜਨਰਲ -ਕਮ-ਵਿਸ਼ੇਸ਼ ਸਕੱਤਰ**

**ਸਕੂਲ ਸਿੱਖਿਆ,ਪੰਜਾਬ,ਚੰਡੀਗੜ੍ਹ.**